


. ਕੁੱਦਰਤ ਦੇ ਖੇਲ ਨਿਰਾਲੇ, ਮੇਰੇ ਭਈਆ।

. ਕੁੱਦਰਤ ਦਾ ਕੀਤਾ ਨਾ ਟਲੇ, ਮੇਰੇ ਭਈਆ।

. ਭਾਵ:

. ਕੁੱਦਰਤ ਦੇ ਖੇਲ, ਗਤੀ-ਵਿੱਧੀਆਂ, ਵਰਤਾਰੇ ਨਿਰਾਲੇ/ਅਜੀਬ ਹੈਰਾਨ ਕਰਨ ਵਾਲੇ ਹਨ। ਜੋ ਮਨੁੱਖ ਦੀ ਸਮਝ ਤੋਂ ਬਾਹਰੀ ਹੋ ਸਕਦੇ ਹਨ।

. ਕੁੱਦਰਤ ਦਾ ਵਿੱਧੀ-ਵਿਧਾਨ/ਨਿਆਂ/ਨਿਯਮ, ਅਸੂਲ/ਸਿਧਾਂਤ ਸਦਾ ਲਈ ਅਟੱਲ ਹਨ। ਇੱਕ ਸਮਾਨ ਇਸ ਬ੍ਰਹਿਮੰਡ ਵਿੱਚ ਇਹ ਲਾਗੂ ਹੁੰਦੇ ਹਨ।

. ਧਰਤੀ ਦਾ ਕੋਈ ਵੀ ਬਸ਼ਿੰਦਾ/ਜੀਵ ਇਹਨਾਂ ਕਾਇਦੇ/ ਕਾਨੂੰਨਾਂ ਵਿੱਚ ਕਿਸੇ ਤਰਾਂ ਰਦੋ-ਬਦਲ/ਬਦਲਾਅ ਲਿਆਉਣ ਦੀ ਹਿੰਮਤ ਨਹੀਂ ਰੱਖਦਾ। ਜੀਵਾਂ ਨੂੰ ਇਹਨਾਂ ਕਾਇਦੇ-ਕਾਨੰਨਾਂ ਦਾ ਪਾਲਣ ਕਰਨਾ ਹੀ ਹੋਵੇਗਾ।

. ਕੁੱਦਰਤ ਦੁਆਰਾ ਅੰਜ਼ਾਮ ਵਿੱਚ ਆਈਆਂ ਸਥਿੱਤੀਆਂ, ਹਾਲਾਤ ਹਮੇਸ਼ਾ ਹੀ ਮਨੁੱਖ ਦੀ ਸੋਚ-ਉਡਾਰੀ ਦੀ ਪਹੁੰਚ ਤੋਂ ਵੀ ਬਹੁਤ ਹੀ ਦੂਰ ਹੁੰਦੇ ਹਨ। ਮਨੁੱਖ ਬੇਬੱਸ ਹੋ ਜਾਂਦਾ ਹੈ, ਅਜੇਹੀਆਂ ਹਾਲਤਾਂ ਸਥਿੱਤੀਆਂ ਦੇ ਸਾਹਮਣੇ। ਮਨੁੱਖ ਇਹਨਾਂ ਵਰਤਾਰਿਆਂ ਖੇਲਾਂ ਨੂੰ ਟਾਲ ਨਹੀਂ ਸਕਦਾ, ਭਾਵ ਰੋਕ ਨਹੀਂ ਸਕਦਾ।

. . ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥

. ਮੁਖ ਬਾਕ ਮ 5-ਗਯੰਦ ਜੀ॥ 1403॥

. ਮ 1॥

. ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

. ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥

. ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥

. ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥

. ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥

. ਕੁਦਰਤਿ ਨੇਕੀਆ ਕੁਦਰਤਿ ਬਦੀਅ ਕੁਦਰਤਿ ਮਾਨੁ ਅਭਿਮਾਨੁ॥

. ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥

. ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

. ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।

. ਮਨੁੱਖ ਦਾ ਸਮੁੱਚਾ ਜੀਵਨ 'ਕੁੱਦਰਤ' ਦਾ ਹਿੱਸਾ ਹੋਣ ਕਰਕੇ 'ਕੁੱਦਰਤ' ਦੇ ਹੀ ਰੰਗਾਂ ਵਿੱਚ ਹੀ ਰੰਗ-ਰੱਤਾ ਰਹਿੰਦਾ ਹੋਇਆ, ਬਾਕੀ 'ਕੁੱਦਰਤੀ' ਰੱਸਾਂ-ਕਸਾਂ ਦੇ ਰਸ ਭੋਗਦੇ ਲੰਘਦਾ ਹੈ। ਜਨਮ ਇਸ 'ਕੁੱਦਰਤ' ਦੀ ਗੋਦ ਵਿੱਚ ਹੈ ਤਾਂ ਮਰਨ ਵੀ ਇਸ ਮਿੱਟੀ ਵਿੱਚ ਹੀ ਹੋਣਾ ਹੈ। ਅਨੇਕਾਂ 'ਕੁੱਦਰਤੀ' ਨਜ਼ਾਰਿਆਂ, ਮਨੁੱਖਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਦਾ 'ਕੁੱਦਰਤ' ਦਾ ਇਹ ਵਿਸਥਾਰ ਹਮੇਸ਼ਾਂ ਹੀ ਮਨੁੱਖ ਨੂੰ ਆਤਮਿਕ ਅਤੇ ਮਾਨਸਿੱਕ ਸੁਖ-ਅਨੰਦ ਦਿੰਦਾ, ਮਨੁੱਖੀ ਜੀਵਨ ਨੂੰ ਆਪਣੇ ਆਗੋਸ਼ ਵਿੱਚ ਲੈ ਕੇ ਸ਼ਾਰ-ਸ਼ਾਰ ਕਰਦਾ ਰਹਿੰਦਾ ਹੈ।

. ਮਨੁੱਖ ਦੇ ਆਸੇ-ਪਾਸੇ, ਉੱਪਰ-ਨੀਚੇ, ਅਗਲ-ਬਗਲ, ਭਾਵ ਕੇ ਹਰ ਪਾਸੇ ‘ਕੁੱਦਰਤ’ ਦਾ ਹੀ ਬੋਲਬਾਲਾ ਹੈ। ਨਿਰਾਕਾਰ ਅਕਾਲ-ਪੁਰਖ ‘ਕੁੱਦਰਤ’ ਵਿੱਚ ਸਮਾਇਆ ਹੈ।




. ਕੁੱਦਰਤ ਵਿੱਚ ਰਮੇ ਹੋਏ ‘ਰਾਮ’ ਦਾ ਹੀ ਨਜ਼ਾਰਾ-ਪਾਸਾਰਾ, ਦਰਸਨ ਹੈ।

. ਇਸੇ ਪਾਸਾਰੇ ਵਿੱਚ ਸੰਸਾਰ/ਦੁਨੀਆਂ ਦੇ ਅੰਦਰ ਜੀਵਾਂ-ਜੰਤੂਆਂ, ਪਸੂ-ਪੰਛੀਆਂ, ਜਾਨਵਰਾਂ, ਮਨੁੱਖਾਂ ਦੀ ਸਿਰਜਨਾ ਦਾ ਸਿਲਸਿਲਾ ਸੁਰੂ ਹੋਇਆ।

. ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।

. ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ ਮ1॥ 19॥

. ਮਨੁੱਖ ਆਪ ਖ਼ੁਦ ਵੀ ਇਸੇ ਕੁੱਦਰਤ ਦਾ ਹਿੱਸਾ ਹੈ। ਇਸੇ ਸਿਸਟਿਮ ਵਿੱਚ ਜੰਮਦਾ ਹੈ ਅਤੇ ਮਰ ਜਾਂਦਾ ਹੈ।

. ਮਨੁੱਖ ਦੇ ਇਸ ਧਰਤੀ ਉੱਪਰ ਆਉਂਣ ਤੋਂ ਕਰੋੜਾਂ ਸਾਲ ਪਹਿਲਾਂ ਹੀ ਕੁੱਦਰਤ ਦੀ ਸਿਰਜਨਾ ਹੋ ਚੁੱਕੀ ਸੀ।

. ਅਨੇਕਾਂ ਵਾਰ ਇਸ ਧਰਤੀ ਦੇ ਬਨਣ ਤੋਂ ਬਾਅਦ ਇਸ ਉੱਪਰ ਉੱਥਲ-ਪੁੱਥਲ ਹੋਈ।

. ਧਰਤੀ ਦੀ ਬਣਤਰ ਵਾਤਾਵਰਨ ਵਿੱਚ ਬਦਲਾਅ ਹੁੰਦੇ ਰਹੇ।

. ਕਰੋੜਾਂ ਸਾਲ ਧਰਤੀ ਅੰਧਕਾਰ ਵਿੱਚ ਰਹੀ। ਇਸੇ ਉੱਥਲ-ਪੁੱਥਲ ਕਾਰਨ ਹੀ ਧਰਤੀ ਉੱਪਰ ਅਨੇਕਾਂ ਉੱਚੇ-ਉੱਚੇ ਪਹਾੜ, ਸਮੁੰਦਰ ਹੋਂਦ ਵਿੱਚ ਆਏ, ਜੋ ਅੱਜ ਵੀ ਅਸੀਂ ਵੇਖ ਰਹੇ ਹਾਂ।

. ਧਰਤੀ ਉੱਪਰ ਪਹਿਲਾਂ ਪਵਨ/ਹਵਾ/ਗੈਸਾਂ ਹੀ ਸਨ। ਇਹਨਾਂ ਗੈਸਾਂ ਵਿਚੋਂ ਹਾਈਡਰੋਜਨ ਅਤੇ ਔਕਸੀਜਨ ਗੈਸ ਦੇ ਮਿਲਾਪ ਨਾਲ ਪਾਣੀ ਹੋਂਦ ਵਿੱਚ ਆਇਆ। ਐਚ2 ਓ (H2O)।

. ਇਹ ਕੁੱਦਰਤ ਦਾ ਅਦਭੁੱਤ ਖੇਲ ਹੈ, ਕਿ ਕੁੱਦਰਤ ਨੇ ਜੀਵਾਂ ਦੇ ਜਿਉਂਣ ਪਰਕਿਰਿਆ ਵਿੱਚ ਪਾਣੀ ਅਹਿਮ ਰੋਮ ਰੱਖਿਆ ਹੈ।

| Element | Symbol | Mass Percent |
|---|---|---|
| Hydrogen | H | 11.190% |
| Oxygen | O | 88.810% |

. ਧਰਤੀ ਉੱਪਰ ਡੂੰਗੀਆਂ ਜਗਹਾਂ ਅੰਦਰ ਇਹ ਪਾਣੀ ਇਕੱਠਾ ਹੋਇਆ। ਇਹ ਡੂੰਗੀਆਂ ਥਾਵਾਂ ਦੇ ਇਕੱਠੇ ਪਾਣੀ ਨੂੰ ਹੀ ਸਮੁੰਦਰ ਦਾ ਨਾਮ ਦਿੱਤਾ ਗਿਆ।

. ਕਰੋੜਾਂ ਸਾਲ ਪਾਣੀ ਜੰਮਿਆ ਰਿਹਾ। ਸੂਰਜੀ ਤਪਸ਼ ਕਾਰਨ ਬਰਫ਼ ਪਿਘਲਣੀ ਸੁਰੂ ਹੋ ਗਈ। ਬਰਫ਼ ਦੇ ਪਿਘਲਣ ਨਾਲ ਪਾਣੀ ਵਿੱਚ ਜੀਵਾਂ ਜੰਤਾਂ ਦੀ ਪੈਦਾਇਸ ਸੁਰੂ ਹੋ ਗਈ।

. ਪਹਿਲਾ ਪਾਣੀ ਜੀਉ ਹੈ ਹਿਤੁ ਹਰਿਆ ਸਭੁ ਕੋਇ॥ ਮ1॥ 472॥

ਮਨੁੱਖ ਦੀ ਸਿਰਜਣਾ ਤੋਂ ਪਹਿਲਾਂ ਅਨੇਕਾਂ ਹੀ ਜੀਵਾਂ-ਜੰਤੂਆਂ ਪਸੂਆਂ ਦੀ ਸਿਰਜਨਾ ਇਸ ਧਰਤੀ ਉੱਪਰ ਹੋਈ। ਜਿਹਨਾਂ ਦਾ ਅੱਜ ਕੋਈ ਵਜੂਦ ਵੀ ਨਜ਼ਰ ਨਹੀਂ ਆ ਰਿਹਾ।

. ਇਹਨਾਂ ਜੀਵਾਂ-ਜੰਤੂਆਂ ਦੀ ਸਿਰਜਨਾ ਤੋਂ ਕਰੋੜਾਂ ਸਾਲ ਬਾਅਦ ਮਨੁੱਖ ਦੀ ਆਮਦ ਹੋਈ।

. ਮਨੁੱਖ ਜਾਤੀ ਨੇ ਆਪਣੀ ਆਮਦ ਤੋਂ ਬਾਅਦ ਇਸ ਧਰਤੀ ਉੱਪਰ ਅਨੇਕਾਂ ਬਦਲਾਅ, ਕੁੱਦਰਤ ਦੇ ਖੇਲ-ਵਰਤਾਰੇ, ਵੇਖਣੇ-ਹੰਢਾਉਣੇ ਕੀਤੇ ਹਨ।

. ਕਰੋੜਾਂ ਸਾਲਾਂ ਬਾਅਦ, ਹੁਣ ਵੀ-ਅੱਜ ਵੀ ਸਮੁੰਦਰਾਂ ਵਿੱਚ ਤੂਫਾਨ, ਸੁਨਾਮੀਆਂ ਆਉਂਦੀਆਂ ਹਨ, ਇਹ ਕੁੱਦਰਤੀ ਖੇਲ ਹਨ। ਜਿਸ ਨਾਲ ਮਨੁੱਖਤਾ ਦਾ ਜਾਨ-ਮਾਲ ਦਾ ਬੇ-ਹਿਸਾਬਾ ਨੁਕਸਾਨ ਹੁੰਦਾ ਹੈ, ਜਿਸ ਦੀ ਭਰਪਾਈ ਕਰਨੀ ਮਨੁੱਖਾਂ ਲਈ ਨਾ-ਮੁੰਮਕਿੰਨ ਹੋ ਜਾਂਦੀ ਹੈ।





. ਧਰਤੀ ਉੱਪਰ ਜੰਗਲਾਂ ਵਿੱਚ ਅੱਗਾਂ ਲੱਗਦੀਆਂ ਹਨ। ਇਹ ਵੀ ਕੁੱਦਰਤੀ ਖੇਲ ਦਾ ਹਿੱਸਾ ਹੈ। ਸਾਲ 2019 ਵਿੱਚ ਅਸਟਰੇਲੀਆਈ ਜੰਗਲਾਂ ਵਿੱਚ ਲੱਗੀ ਅੱਗ ਨਾਲ ਸਾਡੇ ਇਸ ਦੇਸ਼ ਦਾ ਬਹੁਤ ਵੱਡਾ ਨੁਕਸਾਨ ਹੋ ਗਿਆ। ਲੱਖਾਂ ਦੀ ਤਾਦਾਦ ਵਿੱਚ ਜੰਗਲੀ-ਜਾਨਵਰ, ਪੰਛੀ ਸੜ ਗਏ। ਹਜ਼ਾਰਾਂ ਲੋਕਾਂ ਦੇ ਰੈਣ-ਬਸੇਰੇ ਸੜ ਕੇ ਸੁਆਹ ਹੋ ਗਏ। ਕਈ ਮਨੁੱਖ ਵੀ ਇਸ ਜੰਗਲੀ ਅੱਗ ਦੀ ਭੇਂਟ ਚੜ੍ਹ ਗਏ।





. ਆਸਮਾਨ ਵਿੱਚ ਹਵਾ ਦੀਆਂ ਗਤੀ-ਵਿਧੀਆਂ ਹਮੇਸ਼ਾ ਚੱਲਦੀਆਂ ਰਹਿੰਦੀਆਂ ਹਨ। ਇਹਨਾਂ ਹਵਾਈ ਗਤੀ-ਵਿਧੀਆਂ ਕਰਕੇ ਅਕਾਸ਼ ਵਿੱਚ ਬੱਦਲਾਂ ਦੀ ਹੋਂਦ ਬਣੀ ਰਹਿੰਦੀ ਹੈ। ਬੱਦਲਾਂ ਦੇ ਆਪਸੀ ਘੜਸਨ-ਰਗੜ ਕਾਰਨ ਬੱਦਲਾਂ ਵਿੱਚ ਸਟੇਟਿੱਕ ਕਰੰਟ ਪੈਦਾ ਹੁੰਦਾ ਰਹਿੰਦਾ ਹੈ, ਜਿਸ ਨੂੰ ਮਨੁੱਖ ਨੇ 'ਆਸਮਾਨੀ ਬਿਜਲੀ' ਦਾ ਨਾਮ ਦਿੱਤਾ ਹੈ। ਇਹ ਆਸਮਾਨੀ ਬਿਜਲੀ ਦਾ ਡਿੱਗਣਾ ਵੀ ਬਹੁਤ ਖ਼ਤਰਨਾਕ ਹੈ, ਜਿਥੇ ਡਿੱਗਦੀ ਹੈ, ਸੱਭ ਕੁੱਝ ਤਬਾਹ ਕਰ ਦਿੰਦੀ ਹੈ। ਕਿਉਂਕਿ ਹਜ਼ਾਰਾ ਵੋਲਟਜ਼ ਦਾ ਕਰੰਟ ਹੋਣ ਕਰਕੇ ਇਤਨੀ ਗਰਮੀ ਪੈਦਾ ਕਰਦੀ ਹੈ ਜਿਸ ਨਾਲ ਅੱਗ ਲੱਗ ਜਾਂਦੀ ਹੈ। ਅੱਗ ਦਾ ਕੰਮ ਹੈ, ਸੱਭ ਕੁੱਝ ਜਲਾ ਕੇ ਭਸਮ ਕਰ ਦੇਣਾ।






. ਹਵਾ ਦੀਆਂ ਵੱਗਣ/ਚੱਲਣ ਵਾਲੀਆਂ ਗਤੀ-ਵਿਧੀਆਂ ਕਰਕੇ ਹੀ ਸਮੁੰਦਰਾਂ ਵਿੱਚ ਤੂਫ਼ਾਨ ਆਉਂਦੇ ਹਨ। ਇਹਨਾਂ ਤੂਫ਼ਾਨਾਂ ਕਰਕੇ ਸਮੁੰਦਰਾਂ ਵਿੱਚ ਪਾਣੀ ਦੀਆਂ ਉੱਚੀਆਂ ਉੱਚੀਆਂ ਲਹਿਰਾਂ ਉੱਠਦੀਆਂ ਹਨ। ਇਹਨਾਂ ਉੱਚੀਆਂ-ਉੱਚੀਆਂ ਪਾਣੀ ਦੀਆਂ ਲਹਿਰਾਂ ਕਰਕੇ ਕਈ ਵਾਰ ਵੱਡੇ ਵੱਡੇ ਪਾਣੀ ਵਾਲੇ ਜਹਾਜ਼ ਵੀ ਟੁੱਟ ਜਾਂਦੇ ਹਨ, ਉੱਲਟ ਜਾਂਦੇ ਹਨ। ਪਾਣੀ ਦੀ ਤਾਕਤ ਹੀ ਇਤਨੀ ਹੁੰਦੀ ਹੈ ਕਿ ਲੋਹੇ/ਸਟੀਲ ਦੀ ਮੋਟੀ ਚਾਦਰ/ਬਾਡੀ ਵੀ ਪਾਣੀ ਦੇ ਥਪੇੜੇ ਬਰਦਾਸ਼ਤ ਨਹੀਂ ਕਰ ਪਾਉਂਦੀ, ਝੱਲ ਨਹੀਂ ਪਾਉਂਦੀ।

 

.

. ਹੁਣ ਤੱਕ ਵਿਚਾਰ ਕੀਤੀ ਹੈ, ਹੈਰਾਨ ਕਰਨ ਵਾਲਿਆਂ ਕੁੱਦਰਤ ਦੇ ਕੁੱਦਰਤੀ ਵਰਤਾਰਿਆਂ, ਖੇਡਾਂ, ਗਤੀ-ਵਿਧੀਆਂ ਦੀ।

. ਆਉ ਹੁਣ ਵਿਚਾਰ ਕਰਦੇ ਹਾਂ ਸਾਲ 2019 ਵਿੱਚ ਸੁਰੂ ਹੋਏ 'ਕਰੋਨਾ-ਵਾਇਰਸ' ਦੇ ਮਾਰੂ ਪ੍ਰਭਾਵ/ਅਸਰ ਦੀ।

. ਇਹ ਵਾਇਰਸ ਵੀ ਕੁੱਦਰਤੀ ਸਿਰਜਨਾ, ਵਰਤਾਰਿਆਂ, ਗਤੀ-ਵਿਧੀਆਂ ਦਾ ਹਿੱਸਾ ਹੀ ਹੈ। ਇਸ ਨੂੰ ਅਲੱਗ ਕਰਕੇ ਸੋਚਣਾ ਮਨੁੱਖ ਦੀ ਨਾਦਾਨੀ ਹੈ। ਇਸਦੇ ਵੱਧਣ-ਫੁੱਲਣ ਦੇ ਹਾਲਾਤਾਂ ਪਿੱਛੇ ਮਨੁੱਖ ਦੀ ਹੀ ਕੋਈ ਕਾਰਗੁਜ਼ਾਰੀ ਘਟਿੱਤ ਹੋ ਸਕਦੀ ਹੈ।

. ਮਨੁੱਖ ਨੂੰ ਆਪ ਹੀ ਇਸਦਾ ਕਰੋਨਾ ਵਾਇਰਸ ਮਹਾਂਮਾਰੀ ਦਾ ਕੋਈ ਇਲਾਜ਼/ਤੋੜ ਲੱਭਣਾ ਪੈਣਾ ਹੈ।

 

. ਇਹ ਵੀ ਕੁੱਦਰਤ ਦੇ ਰੰਗ/ਖੇਡਾਂ ਹਨ, ਕਿ ਪਸੂਆਂ/ਜਾਨਵਰਾਂ ਦਾ ਵਾਇਰਸ ਮਨੁੱਖਾਂ ਦੇ ਸਰੀਰਾਂ ਵਿੱਚ ਆ ਗਿਆ ਹੈ। ਮਨੁੱਖਾਂ ਲਈ ਛੂਤ/ਲਾਗ ਦੀ ਬੀਮਾਰੀ-ਮਹਾਂਮਾਰੀ ਬਣ ਚੁੱਕਾ ਹੈ।

. ਅੱਜ ਦੀ ਤਾਰੀਖ਼ ਤੱਕ ਹਜ਼ਾਰਾਂ ਮਨੁੱਖ ਇਸ ਮਹਾਂਮਾਰੀ ਦੀ ਭੇਂਟ ਚੜ੍ਹ ਚੁੱਕੇ ਹਨ। ਲੱਖਾਂ ਹੀ ਇਸ ਮਹਾਂਮਾਰੀ ਨਾਲ ਬੀਮਾਰ ਹਨ। ਜਿਹਨਾਂ ਵਿਚੋਂ ਬਚਣ/ਬਚਾਉਣ ਦੀ ਆਸ-ਉਮੀਦ 50-50% ਹੈ।

. ਦੁਨੀਆਂ ਦੇ ਸਿਰਕੱਢ ਦੇਸ਼ਾਂ ਵਿੱਚ ਵੀ ਇਸ ਬੀਮਾਰੀ ਦਾ ਪ੍ਰਕੋਪ ਬੁਰੀ ਤਰਾਂ ਮਨੁੱਖਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮਨੁੱਖ ਪਾਸ ਇਸ ਬੀਮਾਰੀ ਦਾ ਕੋਈ ਇਲਾਜ਼ ਨਹੀਂ ਹੈ।

. ਮਨੁੱਖ ਦੇਰ-ਸਵੇਰ ਇਸ ਮਹਾਂਮਾਰੀ ਦਾ ਕੋਈ ਨਾ ਕੋਈ ਇਲਾਜ਼ ਕੱਢ ਲਵੇਗਾ। ਪਰ ਤੱਦ ਤੱਕ ਲੱਖਾਂ ਲੋਕ ਇਸ ਮਹਾਂਮਾਰੀ ਦੇ ਮੂੰਹ ਵਿੱਚ ਚਲੇ ਜਾਣਗੇ।

.'ਕਰੋਨਾ-ਵਾਇਰਸ' ਮਹਾਂਮਾਰੀ ਦਾ ਅਸਰ/ਪ੍ਰਭਾਵ ਮਨੁੱਖ ਦੀ ਸਾਹ ਪ੍ਰਣਾਲੀ ਉੱਪਰ ਹੁੰਦਾ ਹੈ।

- 'ਕਰੋਨਾ-ਵਾਇਰਸ' ਨਾਲ ਪ੍ਰਭਾਵਿਤ ਮਨੁੱਖ ਦੇ ਵਿੱਚ ਪਾਏ ਜਾਂਦੇ ਲੱਛਣ:-

. ਮਨੁੱਖ ਦੇ ਗਲੇ (ਸਾਹ ਰੱਸਤੇ ਵਿਚ) ਵਿੱਚ ਜਮੇ ਹੋਏ ਮੋਟੇ ਬਲਗ਼ਮ (ਮਿਊਕਸ) ਦਾ ਜਮ੍ਹਾ ਹੋਣਾ। ਨਾਰਮਲ ਹਾਲਤਾਂ ਵਿੱਚ ਵੀ ਮਨੁੱਖ ਦੇ ਗਲੇ ਵਿੱਚ ਬਲਗ਼ਮ ਬਣਦਾ ਰਹਿੰਦਾ ਹੈ। ਮਨੁੱਖੀ ਸਰੀਰ ਵਿੱਚ ਕੋਈ ਨਾ ਕੋਈ ਵਾਇਰਲ ਪ੍ਰਭਾਵ ਬਣਿਆ ਰਹਿੰਦਾ ਹੈ।

. ਅਗਰ ਸਮੇਂ ਸਿਰ ਕੋਈ ਦਵਾਈ/ਪਰਹੇਜ਼ ਨਾ ਕੀਤੀ ਜਾਵੇ ਤਾਂ ਤਿੰਨ ਦਿਨਾਂ ਬਾਅਦ ਇਹ ਕਰੋਨਾ-ਵਾਇਰਸ ਮਨੁੱਖ ਦੇ ਫੇਫੜਿਆਂ ਵਿੱਚ ਦਾਖ਼ਲ ਹੋ ਜਾਂਦਾ ਹੈ।

. ਮਨੁੱਖ ਦੇ ਫੇਫੜਿਆਂ ਵਿੱਚ ਕਰੋਨਾ-ਵਾਇਰਸ ਮਨੁੱਖ ਦੀਆਂ ਖ਼ੂਨ ਵਾਲੀਆਂ ਧਮਨੀਆਂ/ਨਾੜਾਂ, (ਜਿਥੇ ਸਾਹ ਲੈਣ ਦੁਆਰਾ ਸਰੀਰ ਅੰਦਰ ਗਈ ਆਕਸੀਜਨ ਸਾਡੇ ਖ਼ੂਨ ਵਿੱਚ ਮਿਕਸ ਹੁੰਦੀ ਹੈ।) ਨੂੰ ਮਿਊਕਸ/ਬਲਗ਼ਮ ਦੁਆਰਾ ਨਕਾਰਾ ਕਰ ਦਿੰਦਾ ਹੈ। ਮਨੁੱਖ ਨੂੰ ਸਾਹ ਲੈਣ ਵਿੱਚ ਤਕਲੀਫ਼ ਸ਼ੁਰੂ ਹੋ ਜਾਂਦੀ ਹੈ। ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। (ਮਨੁੱਖ ਦੇ ਸਾਹ ਲੈਣ ਦੀ ਪ੍ਰਕਿਰਿਆ ਨਾਲ ਬਾਹਰਲੀ ਵਾਤਾਵਰਨ ਦੀ ਹਵਾ ਅੰਦਰ ਫੇਫੜਿਆਂ ਵਿੱਚ ਜਾਂਦੀ ਹੈ। ਉਸ ਵਿਚਲੀ 21% ਆਕਸੀਜਨ ਦੀ ਵਰਤੋਂ ਕਰਨ ਨਾਲ ਸਾਡਾ ਖ਼ੂਨ ਤਾਜ਼ੀ ਆਕਸੀਜਨ ਲੈਂਦਾ ਹੈ। ਤਾਜ਼ਾ ਖ਼ੂਨ ਹੀ ਸਾਡੇ ਦਿਮਾਗ਼ ਅਤੇ ਬਾਕੀ ਸਰੀਰਿਕ ਅੰਗਾਂ ਨੂੰ ਚੱਲਦਾ ਰੱਖਦਾ। ਲਗਾਤਾਰ ਸਾਹ ਲੈਣ ਦੀ ਪਰਕਿਰਿਆ ਨਾਲ ਸਾਡੇ ਸਰੀਰ ਵਿੱਚ ਆਕਸੀਜਨ ਦੀ ਲੋੜੀਂਦੀ ਮਾਤਰਾ ਹਮੇਸ਼ਾ ਬਣੀ ਰਹਿੰਦੀ ਹੈ, ਜਿਸ ਨਾਲ ਮਨੁੱਖਾ-ਸਰੀਰ ਬਿਨਾਂ ਕਿਸੇ ਉਲਝਨ ਦੇ ਆਪਣੇ ਕੰਮਕਾਰ ਕਰਦਾ ਰਹਿੰਦਾ ਹੈ। ਆਕਸੀਜਨ ਦੀ ਸਪਲਾਈ ਵਿੱਚ ਵਿਘਨ ਪੈਣ ਨਾਲ ਖ਼ੂਨ ਵਿੱਚ ਆਕਸੀਜਨ ਦੀ ਮਾਤਰਾ ਘਟਣ ਲੱਗਦੀ ਹੈ, ਤਾਂ ਮਨੁੱਖ ਦੀ ਜਾਨ ਨੂੰ ਖਤਰਾ ਪੈਦਾ ਹੋ ਸਕਦਾ ਹੈ, ਜਾਨ ਜਾ ਵੀ ਸਕਦੀ ਹੈ।

- . ਪੂਰਾ ਖੁੱਲ ਕੇ ਸਾਹ ਨਾ ਆਉਂਣ ਕਰਕੇ ਸਰੀਰ ਵਿੱਚ ਆਕਸੀਜਨ ਪੂਰੀ ਤਰਾਂ ਨਹੀਂ ਆ ਸਕਦੀ। ਸਰੀਰ ਵਿੱਚ ਆਕਸੀਜਨ ਦੀ ਮਾਤਰਾ ਦੀ ਕਮੀ ਹੋ ਜਾਂਦੀ ਹੈ। ਇਸ ਲਈ ਵੈਂਟੀਲੇਟਰ ਦੀ ਸਖ਼ਤ ਜਰੂਰਤ ਪੈਂਦੀ ਹੈ।
- . ਵੈਂਟਲੇਟਰ ਰਾਂਹੀ ਮਨੁੱਖ ਨੂੰ ਬਾਹਰੋਂ ਸ਼ੁੱਧ-ਆਕਸੀਜਨ ਦੀ ਸਪਲਾਈ ਦਿੱਤੀ ਜਾਂਦੀ ਹੈ। ਜਿਸ ਨਾਲ ਸਾਹ ਲੈਣ ਦੀ ਤਕਲੀਫ਼ ਘੱਟ ਹੋ ਜਾਂਦੀ ਹੈ।

- . ਮਨੁੱਖੀ ਸਰੀਰ ਵਿੱਚ ਸਾਹ ਪ੍ਰੀਕਿਰਿਆ ਦਾ ਲਗਾਤਾਰ ਰਿਧਮ ਦਾ ਨਾ ਚੱਲਣਾ ਹੀ ਮਨੁੱਖ ਲਈ ਖ਼ਤਰਨਾਕ ਸਥਿੱਤੀ ਪੈਦਾ ਕਰਦਾ ਹੈ।
  'ਕਰੋਨਾ ਵਾਇਰਸ' ਅੱਜਕੱਲ ਐਸੀਆਂ ਹੀ ਨਾਜ਼ੁੱਕ ਐਮਰਜੈਂਸੀ ਵਾਲੀਆਂ ਸਥਿੱਤੀਆਂ ਪੈਦਾ ਕਰ ਰਿਹਾ ਹੈ।
- . ਮਨੁੱਖਾ ਸਮਾਜ ਵਿੱਚ ਮਨੁੱਖ ਨੇ ਬਹੁਤ ਸਾਰੇ ਖਿੱਤਿਆਂ/ ਖੇਤਰਾਂ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਇਸ ਤਰਾਂ ਦੀਆਂ ਨਾਮੁਰਾਦ ਬੀਮਾਰੀਆਂ ਦੇ ਮਨੁੱਖਾ ਸਮਾਜ ਉੱਪਰ ਹਮਲੇ ਬਾਰੇ ਕਦੇ ਸੋਚਿਆ ਵੀ ਨਹੀਂ ਹੋਵੇਗਾ, ਕਿ 'ਕਰੋਨਾ-ਵਾਇਰਸ' ਦੀ ਬੀਮਾਰੀ ਮਹਾਂਮਾਰੀ ਦਾ ਰੂਪ ਧਾਰਨ ਕਰ ਜਾਵੇਗੀ।
- . ਇਸ 'ਕਰੋਨਾ-ਵਾਇਰਸ' ਦਾ ਮਹਾਂਮਾਰੀ ਦੇ ਰੂਪ ਵਿੱਚ ਇਨਸਾਨਾਂ/ਮਨੁੱਖਾਂ ਨੂੰ ਆਪਣੇ ਘੇਰੇ ਵਿੱਚ ਲੈਣਾ ਵੀ ਕੁੱਦਰਤ ਦਾ ਹੀ ਇੱਕ ਵਿਕਰਾਲ ਰੂਪ ਹੈ, ਜੋ ਅਜੇ ਤੱਕ ਮਨੁੱਖੀ ਸਮਝ ਤੋਂ ਬਾਹਰ ਹੈ। ਵਿਕਰਾਲ ਰੂਪ ਮਨੁੱਖਾਂ ਨੂੰ ਖਾਈ ਜਾ ਰਿਹਾ ਹੈ, ਨਿਘਲੀ ਜਾ ਰਿਹਾ ਹੈ।

** ਭਾਰਤ ਵਿੱਚ ਸਦੀਆਂ ਤੋਂ ਧਾਰਮਿੱਕ ਖੇਤਰ ਵਿੱਚ ਬ੍ਰਾਹਮਣ/ ਪੂਜਾਰੀ/ਪਾਂਡੇ ਨੇ ਭਾਰਤੀ ਜਨਤਾ ਨੂੰ 'ਧਰਮ' ਦੇ ਨਾਮ ਤੇ ਡਰਨਾ/ ਡਰਾਉਣਾ ਹੀ ਸਿਖਾਉਣਾ ਕੀਤਾ ਹੈ। ਇਸੇ ਕਰਕੇ ਭਾਰਤ ਵਿੱਚ ਲੋਕਾਂ ਦਾ ਵਤੀਰਾ ਡਰਨ ਵਾਲਾ ਹੈ। ਅੱਜ ਵੀ ਡਰਦੇ ਲੋਕ ਡਰਦੇ ਹਨ।

. ਹਰ ਮੁਸੀਬਤ ਵਿੱਚ 'ਰੱਬ' ਨੂੰ ਚੇਤੇ ਕਰਨ ਲੱਗ ਜਾਂਦੇ ਹਨ। ਆਪਣਾ ਬਣਦਾ, ਕਰਨ ਵਾਲਾ ਫਰਜ਼-ਜ਼ਿੰਮੇਵਾਰੀ ਭੁੱਲ ਜਾਂਦੇ ਹਨ। ਪੂਜਾਰੀ ਨੇ ਸਮੇਂ ਦੇ ਰਾਜਿਆਂ- ਰਜਵਾੜਿਆਂ ਨੂੰ ਇਸੇ ਨਕਲੀ 'ਰੱਬ" ਦੀਆਂ ਸ਼ਕਤੀਆਂ ਦੇ ਅੰਧ-ਵਿਸਵਾਸ਼ ਨਾਲ ਬੇਵਕੂਫ ਬਨਾਉਣਾ ਕੀਤਾ ਅਤੇ ਲੋਕਾਂ ਦਾ ਜਾਨੀ ਮਾਲੀ ਨੁਕਾਸ ਕਰਾਉਣਾ ਕੀਤਾ।

. ਆਸਾ ਰਾਗ ਵਿੱਚ ਬਾਬਾ ਨਾਨਕ ਜੀ ਬਾਖੂਬੀ ਭਾਰਤੀ ਪੁਜਾਰੀਆਂ/ ਬ੍ਰਾਹਮਣਾਂ ਅਤੇ ਰਾਜਿਆਂ ਦੀ ਅਕਲ-ਮੱਤ ਦਾ ਨਕਸ਼ਾ ਬਿਆਨ ਕੀਤਾ ਹੈ ਕਿ ਕਿਵੈ ਝੂਠੀਆਂ ਆਸਾਵਾਂ ਦੇ ਸਹਾਰੇ ਰਹਿ ਕੇ ਬਾਬਰ ਦੇ ਹਥੋਂ ਆਪਣਾ ਨੁਕਸਾਨ ਕਰਵਾਇਆ:-




. ਸੈਦਪੁਰ ਵਿੱਚ ਬਾਬਰ ਦੇ ਹਮਲੇ ਦੇ ਸਮੇਂ, ਭਾਰਤੀ ਪਠਾਨ/ ਰਾਜਪੂਤ ਰਾਜਿਆਂ ਨੇ ਆਪਣੇ ਧਾਰਮਿੱਕ-ਆਗੂਆਂ-ਪੂਜਾਰੀਆਂ ਰਾਂਹੀ 'ਰੱਬੀ- ਸ਼ਕਤੀਆਂ' ਦੇ ਆਸਰੇ ਦੁਸ਼ਮਨ ਨੂੰ ਹਰਾਉਣ ਦੇ ਮਨਸੂਬਿਆਂ ਉੱਪਰ ਯਕੀਨ ਕਰਨਾ ਕੀਤਾ, ਬੇਫਿਕਰ ਹੋ ਕੇ ਬੈਠੇ ਰਹੇ। ਦੁਸ਼ਮਨ ਫੌਜਾਂ ਨਾਲ ਕੋਈ ਮੁਕਾਬਲਾ ਕਰਨ ਬਾਰੇ ਕੋਈ ਵਜ਼ਵੀਜ ਨਾ ਬਨਾਉਣੀ ਕੀਤੀ। ਅੰਤ ਨੂੰ ਬਾਬਰ ਫੌਜ਼ ਦੀ ਤਲਵਾਰ ਦੀ ਤਾਬ ਨਾ ਝੱਲ ਸਕੇ, ਮਾਰੇ ਗਏ। ਕਿਸੇ 'ਰੱਬੀ- ਗ਼ੈਬੀ' ਸ਼ਕਤੀ ਨੇ ਸਾਥ ਨਾ ਦਿੱਤਾ।

. ਇਹ ਕੁੱਦਰਤ ਦੇ ਬਣਾਏ ਨਿਯਮਾਂ, ਅਸੂਲਾਂ, ਸਿਧਾਂਤਾਂ, ਵਿਧੀ-ਵਿਧਾਨਾਂ ਦਾ ਤੱਤਸਾਰ ਹੈ, ਕਿ ਇਹ ਕਿਸੇ ਨਾਲ ਲਿਹਾਜ਼ ਨਹੀਂ ਕਰਦੇ। ਚਾਹੇ ਕੋਈ ਮਨੁੱਖ ਜਿੰਨੀਆਂ ਮਰਜ਼ੀ ਅਰਦਾਸਾਂ ਬੇਨਤੀਆਂ ਜੋਦੜੀਆਂ ਕਰੀ ਜਾਵੇ।

. ਚਾਹੇ ਕੋਈ ਮਨੁੱਖ ਧਾਰਮਿੱਕ ਸਥਾਨਾਂ ਉੱਪਰ ਜਿੰਨ੍ਹੇ ਮਰਜ਼ੀ ਮੱਥੇ ਰਗੜੀ ਜਾਵੇ।

. ਮਨੁਖ ਜਿੰਨੀਆਂ ਮਰਜ਼ੀ ਧਾਰਮਿੱਕ ਰਸਮਾਂ ਨਿਭਾਈ ਜਾਵੇ,

. ਜਿੰਨ੍ਹੇ ਮਰਜ਼ੀ ਪਾਠ, ਸਹਿਜ-ਪਾਠ, ਆਖੰਡ-ਪਾਠ, ਸੰਪਟ-ਪਾਠ, ਸੁਪਰ-ਸੰਪਟ-ਪਾਠ, ਸੰਕਟ-ਮੋਚਨ ਸੰਪਟ-ਪਾਠ ਕਰੀ ਜਾਵੇ,

. ਪਾਖੰਡੀ-ਸਾਧਾਂ ਅਸੰਤਾਂ ਡੇਰੇਦਾਰਾਂ ਪਿੱਛੇ ਲੱਗ ਕੇ 11, 21, 31,

. 51, 101, 301, 501, ਕੋਤਰੀ ਪਾਠ, ਤੁਕ-ਤੁਕ ਪਾਠ, ਕਰਨ ਦੇ ਨਾਲ,

. ਦੁੱਖ-ਭੰਜਨੀ ਬੇਰੀਆਂ ਥੱਲੇ ਨਹਾਉਣ ਦੇ ਨਾਲ,

. ਦਰਿਆਵਾਂ, ਸਰੋਵਰਾਂ, ਨਦੀਆਂ ਨਾਲਿਆਂ ਵਿੱਚ ਨਹਾਉਣ ਨਾਲ,

. ਢੌਂਗੀਆਂ ਪਾਖੰਡੀਆਂ ਦੇ ਟੂਣੇ ਟੋਟਕਿਆਂ ਤਵੀਜ਼ਾਂ ਦੇ ਨਾਲ,

. ਤਰਾਂ-ਤਰਾਂ ਆਡੰਬਰ ਪਾਖੰਡ ਕਰਨ ਦੇ ਨਾਲ,

. ਵੀ ਮਨੁੱਖ ਦੀ ਕਿਤੇ ਕੋਈ ਸੁਣਵਾਈ ਨਹੀਂ ਹੁੰਦੀ।

. ਕਿਉਂਕਿ:- ਨਿਰਾਕਾਰ 'ਰੱਬ' ਨੂੰ ਇਹਨਾਂ ਮਨੁੱਖੀ ਧਾਰਮਿੱਕ ਕਰਮਕਾਂਡਾਂ ਨਾਲ ਕੋਈ ਵਾਸਤਾ ਹੀ ਨਹੀਂ ਹੈ।

.'ਰੱਬ' ਦਾ ਕਿਸੇ ਤਰਾਂ ਦਾ ਸਰੀਰ ਵਯੂਦ ਨਹੀਂ ਹੈ।

. ਰੂਪੁ ਨ ਰੇਖ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਮ5॥ 283॥

. ਜਦ ਕੋਈ ਕਿਸੇ ਤਰਾਂ ਦਾ ਸਰੀਰ/ਵਯੂਦ ਹੀ ਨਹੀਂ ਤਾਂ ਅੱਖ, ਨੱਕ, ਕੰਨ, ਹੱਥ, ਪੈਰ ਹੋਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ, ਕਿ 'ਰੱਬ' ਮਨੁੱਖ ਦੇ ਤਰਲੇ ਮਿੰਨਤਾਂ ਅਰਦਾਸਾਂ ਬੇਨਤੀਆਂ ਸੁਣਦਾ ਹੋਵੇ। ਇਹ ਮਨੁੱਖ ਦਾ ਆਪਣਾ ਬਣਾਇਆ ਬਹੁਤ ਵੱਡਾ ਭੁਲੇਖਾ ਹੈ।

. ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ ਮ1 13॥



## ਮਨੁੱਖ ਦੁਆਰਾ ਸਮਝੇ ਜਾਂਦੇ, ਮੰਨੇ ਜਾਂਦੇ, ਪੂਜੇ ਜਾਂਦੇ 'ਰੱਬ' ਨੂੰ ਚਾਰ ਖਾਣੀਆਂ (ਅੰਡਜ਼, ਜੇਰਜ਼, ਉੱਤਭੁਜ, ਸੇਤਜ਼) ਦੇ ਜੀਵਾਂ-ਜੰਤੂਆਂ, ਪੇੜ-ਪੌਦਿਆਂ, ਜਾਨਵਰਾਂ-ਮਨੁੱਖਾਂ ਦੇ ਮਰਨ ਦਾ ਰੱਤੀ ਭਰ ਵੀ ਅਫ਼ਸੋਸ ਨਹੀਂ ਹੈ, ਨਹੀਂ ਹੁੰਦਾ। ਕਿਸੇ ਮਹਾਂਮਾਰੀ, ਸੁਨਾਮੀ, ਅੱਗਾਂ ਲੱਗਣ ਨਾਲ ਹੋਏ ਨੁਕਸਾਨ ਦਾ 'ਰੱਬ' ਨੂੰ ਰੱਤੀ ਭਰ ਵੀ ਅਫ਼ਸੋਸ ਨਹੀਂ ਹੁੰਦਾ।

. ਪੂਜਾਰੀ ਜਿਵੇਂ ਲੋਕਾਂ ਨੂੰ ਬੇਵਕੂਫ ਬਣਾਉਂਦਾ ਹੈ, ਉਵੇਂ ਨਹੀਂ ਵਾਪਰਦਾ।

. ਪੂਜਾਰੀ/ਪਾਂਡਾ/ਭਾਈ ਜਨਤਾ ਵਿੱਚ ਆਪਣੀ ਦੁਕਾਨਦਾਰੀ ਚਮਕਾਉਣ ਚਲਾਉਣ ਲਈ ਲੋਕਾਂ ਨੂੰ ਭਰਮਾਉਂਦਾ ਹੈ, ਆਪਣੇ ਮੱਕੜ ਜਾਲ ਵਿੱਚ ਫਸਾਉਂਦਾ ਹੈ। ਅਗਿਆਨੀ ਅੰਧ-ਵਿਸਵਾਸ਼ੀ ਲੋਕ ਜਨਤਾ. . ਪੂਜਾਰੀ ਦੀਆਂ ਸ਼ਾਤਿਰ ਚਾਲਾਂ ਵਿੱਚ ਫਸ ਜਾਂਦੇ ਹਨ। ਜਿਸ

ਤਰਾਂ ਥੱਲੇ ਉਦਾਹਰਨ ਵਿੱਚ ਵੇਖਿਆ ਜਾ ਸਕਦਾ ਹੈ।




. ਇਸ ਮੌਲਾਨੇ ਦੀ ਤਰਜ਼ ਤੇ ਬਾਕੀ ਪੁਜਾਰੀ ਲਾਣਾ ਵੀ ਇਹੀ ਤਰਕੀਬ ਵਰਤਦਾ ਹੈ।

. ਅੰਧ-ਵਿਸਵਾਸ਼ੀ ਲੋਕਾਂ ਨੂੰ ਜਨਤਾਂ-ਸਵੱਰਗ ਦੀਆਂ ਹੂਰਾਂ-ਨਜ਼ਾਰੇ ਦੇਈ ਜਾਂਦੇ ਹਨ।

. ਲੋਕਾਂ ਦੀਆਂ ਮਾਇਆ ਨਾਲ ਝੋਲੀਆਂ ਭਰੀ ਜਾਂਦੇ ਹਨ।

. ਲੜਕੇ ਦੀ ਖਵਾਹਿਸ਼ ਵਾਲਿਆਂ ਨੂੰ ਮੁੰਡੇ ਦੇਈ ਜਾਂਦੇ ਹਨ।

---

. ਮਨੁੱਖ ਦੇ ਬਣਾਏ ਹਰ ਧਰਮ ਵਿੱਚ ਧਾਰਮਿੱਕਤਾ ਦੇ ਨਾਮ ਉੱਤੇ ਪੁਜਾਰੀ ਦਾ ਇਹ 'ਧੰਧਾ-ਦੁਕਾਨਦਾਰੀ' ਬੜੇ ਜ਼ੋਰਾਂ-ਸ਼ੋਰਾਂ ਨਾਲ ਚੱਲਦਾ ਆ ਰਿਹਾ ਹੈ, ਅਜ ਵੀ ਚੱਲ ਰਿਹਾ ਹੈ, ਅਗਰ ਮਨੁੱਖ ਇਸੇ ਤਰਾਂ ਅਗਿਆਨੀ ਅਨਪੜ੍ਹ ਰਿਹਾ ਤਾਂ ਪੁਜਾਰੀ ਦਾ ਇਹ ਬੇਵਕੂਫ਼ ਬਨਾਉਣ ਵਾਲਾ 'ਧੰਧਾ-ਦੁਕਾਨਦਾਰੀ' ਭਵਿੱਖ ਵਿੱਚ ਵੀ ਇਸੇ ਤਰਾਂ ਚੱਲਦਾ ਰਹੇਗਾ।

. ਮਨੁੱਖ ਨੂੰ ਆਪਣੀ ਕਰਤੂਤਾਂ ਕਾਰ-ਗੁਜ਼ਾਰੀਆਂ ਦੀ ਜਿੰਮੇਵਾਰੀ ਲੈਣੀ ਹੋਵੇਗੀ। ਸਮਝਣਾ ਹੋਵੇਗਾ, ਜਾਨਣਾ ਹੋਵੇਗਾ ਕਿ ਕੁੱਦਰਤੀ ਵਰਤਾਰਿਆਂ ਵਿੱਚ ਮਨੁੱਖ ਬੇਬੱਸ ਹੈ। ਕੁੱਦਰਤੀ ਵਰਤਾਰਿਆਂ ਨਾਲ ਨਿੱਭਣ-ਨਿੱਭਾਉਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ।

. ਬੀਮਾਰੀਆਂ, ਮਹਾਂਮਾਰੀਆਂ, ਆਫਤਾਂ, ਵੀ ਮਨੁੱਖ ਦੀਆਂ ਕਰਤੂਤਾਂ ਕਾਰਗੁਜ਼ਾਰੀਆਂ, ਜਿਵੇਂ ਕਿ:

. ਧਰਤੀ ਨਾਲ ਖਿਲਵਾੜ ਕਰਨਾ, ਜੰਗਲ ਕੱਟਣੇ, ਹੋਰ ਨਾ ਲਾਉਂਣੇ।

. ਹਵਾ ਦਾ ਪ੍ਰਦੂਸ਼ਤ ਕਰਨਾ।

. ਪਾਣੀ ਦਾ ਪਰਦੂਸ਼ਤ ਕਰਨਾ।

. ਪਾਣੀ ਦੀ ਦੁਰਵਰਤੋਂ।

. ਵਾਤਾਵਰਣ ਨੂੰ ਪਰਦੂਸ਼ਤ ਕਰਨਾ, ਕਾਰਖਨਿਆਂ-ਫੈਕਟਰੀਆਂ ਹਵਾਈ ਜਹਾਜ਼ਾਂ ਦਾ ਧੂੰਆਂ।

. ਬਨਾਸਪਤੀ, ਪੇੜ ਪੌਦਿਆਂ ਉੱਪਰ ਕੀਟ-ਨਾਸਿਕ ਜ਼ਹਿਰੀਲੀ ਦਵਾਈਆਂ ਦੀ ਵਰਤੋਂ, ਜਿਸ ਨਾਲ ਹਜ਼ਾਰਾਂ ਪੰਛੀਆਂ ਨੂੰ ਮੌਤ ਦੇ ਘਾਟ ਉਤਾਰਨਾ। ਕਈ ਪੰਛੀ ਨਸਲਾਂ ਦਾ ਖਾਤਮਾ ਹੋਇਆ।




ਧੰਨਵਾਧ,

ਇੰਜ ਦਰਸਨ ਸਿੰਘ ਖਾਲਸਾ

ਸਿਡਨੀ ਅਸਟਰੇਲੀਆ

5 ਮਾਰਚ 2020

ਕੁੱਦਰਤ ਦੇ ਖੇਲ ਨਿਰਾਲੇ ਮੇਰੇ ਭਈਆ।